# ਦਫ:ਭੌਂ ਪ੍ਰਾਪਤੀ ਕੁਲੈਕਟਰ, ਸਹਿਰੀ ਵਿਕਾਸ
## ਪੁੱਡਾ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ।

### ਪਬਲਿਕ ਨੋਟਿਸ

ਗਮਾਡਾ ਵੱਲੋ ਐਰੋਸਿਟੀ ਮੋਹਾਲੀ ਵਿਖੇ ਮਿਕਸ ਲੈਂਡ ਦੀ ਸਥਾਪਨਾ ਲਈ ਪਿੰਡ ਬਾਕਰਪੁਰ ਦੀ ਜਮੀਨ ਅਵਾਰਡ ਨੰ.499 ਮਿਤੀ 25.05.2009 ਰਾਹੀਂ ਐਕਵਾਇਰ ਕੀਤੀ ਗਈ ਸੀ। ਮਾਲ ਰਿਕਾਰਡ ਐਲ.ਏ.7 ਅਨੁਸਾਰ ਇਸ ਪਿੰਡ ਦੀ ਖੇਵਟ ਨੰ. 25 ਖਸਰਾ ਨੰ.35//25/3 (5-6), 49//1 (7-11) ਕਿਤੇ 2 ਰਕਬਾ 12-17 ਵਾਕਿਆ ਪਿੰਡ-ਬਾਕਰਪੁਰ ਵਿੱਚ ਭੌਂ ਮਾਲਕ ਅਮਰ ਸਿੰਘ ਪੁੱਤਰ ਗੁਰਦਿਆਲ ਸਿੰਘ 1/3 ਹਿੱਸਾ, ਜਗਜੀਤ ਸਿੰਘ ਪੁੱਤਰ ਅਮਰਾਓ ਸਿੰਘ 1/3 ਹਿੱਸਾ, ਦਲਜੀਤ ਸਿੰਘ ਪੁੱਤਰ ਅਮਰਾਓ ਸਿੰਘ 1/3 ਹਿੱਸਾ ਵਿੱਚ ਰਿਕਾਰਡ ਦਰਜ ਹੈ ਅਤੇ ਉਸ ਅਨੁਸਾਰ ਹੀ ਮੁਆਵਜਾ ਦਿੱਤਾ ਗਿਆ ਸੀ। ਬਿਨੈਕਾਰ ਅਮਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਬਾਕਰਪੁਰ ਵੱਲੋਂ ਲਿਖਤੀ ਦਰਖਾਸਤ ਰਾਹੀਂ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਸ ਦਾ ਹਿੱਸਾ ਉਕਤ ਰਕਬੇ ਵਿੱਚ 1/3 ਨਹੀਂ ਬਲਕਿ 1/2 ਬਣਦਾ ਹੈ। ਰਿਕਾਰਡ ਦੀ ਦਰੁਸਤੀ ਕਰਨ ਸਬੰਧੀ, ਇਸ ਦਫਤਰ ਵੱਲੋਂ ਸਬੰਧਤ ਭੌਂ ਮਾਲਕਾਂ ਦੀ ਸੁਣਵਾਈ ਲਈ ਮਿਤੀ 21.08.2020 ਨਿਸ਼ਚਿਤ ਕੀਤੀ ਗਈ ਸੀ। ਨਿਸ਼ਚਿਤ ਮਿਤੀ ਨੂੰ ਪਟਵਾਰੀ ਹਲਕਾ ਬਾਕਰਪੁਰ ਵੱਲੋਂ ਉਕਤ ਭੌਂ ਸਬੰਧੀ, ਦਰਖਾਸਤ ਦਹਿੰਦਾ ਵੱਲੋਂ ਮੁਹੱਈਆ ਕਰਵਾਏ ਗਏ ਮਾਲ ਰਿਕਾਰਡ ਦੀ ਪੜਤਾਲ ਕਰਵਾਈ ਗਈ, ਜਿਸ ਸਬੰਧੀ ਪਟਵਾਰੀ ਹਲਕਾ ਵੱਲੋਂ ਆਪਣੇ ਬਿਆਨ ਕਲਮਬੰਦ ਕਰਵਾਏ ਗਏ ਕਿ ਰਿਕਾਰਡ ਮਾਲ ਅਨੁਸਾਰ ਦਰਖਾਸਤ ਦਹਿੰਦਾ ਦਾ ਹਿੱਸਾ 1/3 ਨਹੀਂ 1/2 ਬਣਦਾ ਹੈ। ਉਕਤ ਅਵਾਰਡ ਅਧੀਨ ਭੌਂ ਐਕੁਆਇਰ ਕਰਨ ਸਮੇਂ ਮਾਲ ਵਿਭਾਗ ਦਾ ਰਿਕਾਰਡ ਅਨੁਸਾਰ ਅਮਰ ਸਿੰਘ ਦਾ ਹਿੱਸਾ 1/2 ਸੀ। ਸੁਣਵਾਈ ਸਬੰਧੀ ਨੋਟਿਸ ਬਾਰੇ ਪ੍ਰੋਸੈਸ ਸਰਵਰ ਰਾਹੀਂ ਇਹ ਜਾਣਕਾਰੀ ਹਾਸਿਲ ਹੋਈ ਹੈ ਕਿ ਜਗਜੀਤ ਸਿੰਘ ਪੁੱਤਰ ਅਮਰਾਓ ਸਿੰਘ ਅਤੇ ਦਲਜੀਤ ਸਿੰਘ ਪੁੱਤਰ ਅਮਰਾਓ ਸਿੰਘ ਦੇ ਵਾਰਸ ਸਤਵਿੰਦਰ ਕੌਰ ਵਿਧਵਾ ਵਾ ਗੁਰਵੀਰ ਸਿੰਘ, ਪਰਦੀਪ ਸਿੰਘ ਪੁੱਤਰਾਨ ਦਲਜੀਤ ਸਿੰਘ ਹੁਣ ਪਿੰਡ ਬਾਕਰਪੁਰ ਵਿਖੇ ਨਹੀਂ ਰਹਿੰਦੇ ਬਲਕਿ ਕਨੇਡਾ (ਵਿਦੇਸ਼) ਵਿੱਚ ਰਹਿੰਦੇ ਹਨ, ਉਹਨਾਂ ਦਾ ਐਡਰੈਸ ਉਸ ਪਾਸ ਮੌਜੂਦ ਨਹੀਂ ਹੈ। ਜਿਸਨੂੰ ਪਿੰਡ ਬਾਕਰਪੁਰ ਦੇ ਸਰਪੰਚ ਵੱਲੋਂ ਵੀ ਤਸਦੀਕ ਕੀਤਾ ਗਿਆ ਹੈ।

ਉਪਰੋਕਤ ਸਬੰਧੀ ਕੁਦਰਤੀ ਨਿਆਂ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਜਗਜੀਤ ਸਿੰਘ ਅਤੇ ਦਲਜੀਤ ਸਿੰਘ ਪੁੱਤਰਾਨ ਅਮਰਾਓ ਸਿੰਘ ਜਾਂ ਉਹਨਾ ਦੇ ਵਾਰਸ , ਰਿਸ਼ਤੇਦਾਰ ਜਾਂ ਇਹਨਾਂ ਦੇ ਮੁਖਤਿਆਰੇ ਆਮ ਨੂੰ ਸੁਣਵਾਈ ਦਾ ਮੌਕਾ ਦਿੰਦੇ ਹੋਏ ਸੂਚਿਤ ਕੀਤਾ ਜਾਦਾ ਹੈ ਕਿ ਉਕਤ ਖਸਰਿਆ ਵਿੱਚ ਹਿੱਸੇਦਾਰੀ ਸਬੰਧੀ ਰਿਕਾਰਡ ਮਾਲ ਅਨੁਸਾਰ ਸੋਧ ਕੀਤੇ ਜਾਣ ਸਬੰਧੀ ਜੇਕਰ ਕੋਈ ਇਤਰਾਜ ਜਿਤਾਉਣਾ ਹੈ ਤਾਂ ਇਸ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾ ਦੇ ਵਿੱਚ-ਵਿੱਚ ਲਿਖਤੀ ਇਤਰਾਜ ਅਸਲਾਤਨ ਜਾਂ ਵਕਾਲਤਨ ਨਿਮਨਹਸਤਾਖਰ ਦੇ ਦਫਤਰ ਵਿਖੇ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੁਣਵਾਈ ਦਾ ਕੋਈ ਹੋਰ ਮੌਕਾ ਨਾ ਦਿੱਤੇ ਬਿਨਾ, ਇਸ ਦਫਤਰ ਵੱਲੋਂ ਇੱਕ ਤਰਫਾ ਕਰਵਾਈ ਕੀਤੀ ਜਾਵੇਗੀ।

25/8/2020

ਭੌਂ ਪ੍ਰਾਪਤੀ ਕੁਲੈਕਟਰ

Scanned with CamScanner

# ਦਫ਼ਤਰ ਭੌਂ ਪ੍ਰਾਪਤੀ ਕੁਲੈਕਟਰ, ਸ਼ਹਿਰੀ ਵਿਕਾਸ

## ਪੁੱਡਾ ਭਵਨ, ਸੈਕਟਰ-62, ਸਾਹਿਬਜਾਦਾ ਅਜੀਤ ਸਿੰਘ ਨਗਰ।

### ਪਬਲਿਕ ਨੋਟਿਸ

ਗਮਾਡਾ ਵੱਲੋ ਐਰੋਸਿਟੀ ਵਿਖੇ ਅਰਬਨ ਅਸਟੇਟ ਦੀ ਸਥਾਪਨਾ ਲਈ ਪਿੰਡ ਬਾਕਰਪੁਰ ਦੀ ਜਮੀਨ ਅਵਾਰਡ ਨੰ.508 ਮਿਤੀ 16.04.2010 ਰਾਹੀਂ ਐਕਵਾਇਰ ਕੀਤੀ ਗਈ ਸੀ। ਮਾਲ ਰਿਕਾਰਡ ਐਲ.ਏ.7 ਅਨੁਸਾਰ ਇਸ ਪਿੰਡ ਦੀ ਖੇਵਟ ਨੰ. 25/26-27 ਖਸਰਾ ਨੰ.49//10 (8-0) 50//6 (8-0) 71//8 (2-13) 49//11 (8-0) 12 (8-0) 19 (8-0) 20 (8-0)21 (8-0) 50//15 (8-0) ਕਿਤੇ 9 ਰਕਬਾ 66-13 ਵਾ ਖੇਵਟ ਨੰ. 383/397-398 ਨੰ. ਖਸਰਾ 50//8 (8-0) 13 (6-6) 16 (8-0) 17 (7-16) 18 (2-1) 25 (6-9) ਕਿੱਤੇ 6 ਰਕਬਾ 38-12 ਕੁੱਲ ਰਕਬਾ 105 ਕਨਾਲ 05 ਮਰਲਾ ਵਾਕਿਆ ਪਿੰਡ-ਬਾਕਰਪੁਰ ਵਿੱਚ ਭੌਂ ਮਾਲਕ ਅਮਰ ਸਿੰਘ ਪੁੱਤਰ ਗੁਰਦਿਆਲ ਸਿੰਘ 1/3 ਹਿੱਸਾ, ਜਗਜੀਤ ਸਿੰਘ ਪੁੱਤਰ ਅਮਰਾਓ ਸਿੰਘ 1/3 ਹਿੱਸਾ, ਦਲਜੀਤ ਸਿੰਘ ਪੁੱਤਰ ਅਮਰਾਓ ਸਿੰਘ 1/3 ਹਿੱਸਾ ਵਿੱਚ ਰਿਕਾਰਡ ਦਰਜ ਹੈ ਅਤੇ ਉਸ ਅਨੁਸਾਰ ਹੀ ਲੈਂਡ ਪੂਲਿੰਗ ਦਿੱਤੀ ਗਈ ਸੀ। ਬਿਨੈਕਾਰ ਅਮਰ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਪਿੰਡ ਬਾਕਰਪੁਰ ਵੱਲੋਂ ਲਿਖਤੀ ਦਰਖਾਸਤ ਰਾਹੀਂ ਦਫਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਉਸ ਦਾ ਹਿੱਸਾ ਉਕਤ ਰਕਬੇ ਵਿੱਚ 1/3 ਨਹੀਂ ਬਲਕਿ 1/2 ਬਣਦਾ ਹੈ। ਰਿਕਾਰਡ ਦੀ ਦਰੁਸਤੀ ਕਰਨ ਸਬੰਧੀ, ਇਸ ਦਫਤਰ ਵੱਲੋਂ ਸਬੰਧਤ ਭੌਂ ਮਾਲਕਾਂ ਦੀ ਸੁਣਵਾਈ ਲਈ ਮਿਤੀ 21.08.2020 ਨਿਸ਼ਚਿਤ ਕੀਤੀ ਗਈ ਸੀ। ਨਿਸ਼ਚਿਤ ਮਿਤੀ ਨੂੰ ਪਟਵਾਰੀ ਹਲਕਾ ਬਾਕਰਪੁਰ ਵੱਲੋਂ ਉਕਤ ਭੌਂ ਸਬੰਧੀ, ਦਰਖਾਸਤ ਦਹਿੰਦਾ ਵੱਲੋਂ ਮੁਹੱਈਆ ਕਰਵਾਏ ਗਏ ਮਾਲ ਰਿਕਾਰਡ ਦੀ ਪੜਤਾਲ ਕਰਵਾਈ ਗਈ, ਜਿਸ ਸਬੰਧੀ ਪਟਵਾਰੀ ਹਲਕਾ ਵੱਲੋਂ ਆਪਣੇ ਬਿਆਨ ਕਲਮਬੰਦ ਕਰਵਾਏ ਗਏ ਕਿ ਰਿਕਾਰਡ ਮਾਲ ਅਨੁਸਾਰ ਦਰਖਾਸਤ ਦਹਿੰਦਾ ਦਾ ਹਿੱਸਾ 1/3 ਨਹੀਂ 1/2 ਬਣਦਾ ਹੈ। ਉਕਤ ਅਵਾਰਡ ਅਧੀਨ ਭੌਂ ਐਕੁਆਇਰ ਕਰਨ ਸਮੇਂ ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਅਮਰ ਸਿੰਘ ਦਾ ਹਿੱਸਾ 1/2 ਸੀ। ਸੁਣਵਾਈ ਸਬੰਧੀ ਨੋਟਿਸ ਬਾਰੇ ਪ੍ਰੋਸੈਸ ਸਰਵਰ ਰਾਹੀਂ ਇਹ ਜਾਣਕਾਰੀ ਹਾਸਿਲ ਹੋਈ ਹੈ ਕਿ ਜਗਜੀਤ ਸਿੰਘ ਪੁੱਤਰ ਅਮਰਾਓ ਸਿੰਘ ਅਤੇ ਦਲਜੀਤ ਸਿੰਘ ਪੁੱਤਰ ਅਮਰਾਓ ਸਿੰਘ ਦੇ ਵਾਰਸ ਸਤਵਿੰਦਰ ਕੌਰ ਵਿਧਵਾ ਵਾ ਗੁਰਵੀਰ ਸਿੰਘ, ਪਰਦੀਪ ਸਿੰਘ ਪੁੱਤਰਾਨ ਦਲਜੀਤ ਸਿੰਘ ਹੁਣ ਪਿੰਡ ਬਾਕਰਪੁਰ ਵਿਖੇ ਨਹੀਂ ਰਹਿੰਦੇ ਬਲਕਿ ਕਨੇਡਾ (ਵਿਦੇਸ਼) ਵਿੱਚ ਰਹਿੰਦੇ ਹਨ, ਉਹਨਾਂ ਦਾ ਐਡਰੈਸ ਉਸ ਪਾਸ ਮੌਜੂਦ ਨਹੀਂ ਹੈ। ਜਿਸਨੂੰ ਪਿੰਡ ਬਾਕਰਪੁਰ ਦੇ ਸਰਪੰਚ ਵੱਲੋਂ ਵੀ ਤਸਦੀਕ ਕੀਤਾ ਗਿਆ ਹੈ।

ਉਪਰੋਕਤ ਸਬੰਧੀ ਕੁਦਰਤੀ ਨਿਆਂ ਦੇ ਸਿਧਾਂਤ ਨੂੰ ਮੁੱਖ ਰੱਖਦੇ ਹੋਏ ਜਗਜੀਤ ਸਿੰਘ ਅਤੇ ਦਲਜੀਤ ਸਿੰਘ ਪੁੱਤਰਾਨ ਅਮਰਾਓ ਸਿੰਘ ਜਾਂ ਉਹਨਾ ਦੇ ਵਾਰਸ , ਰਿਸ਼ਤੇਦਾਰ ਜਾਂ ਇਹਨਾਂ ਦੇ ਮੁਖਤਿਆਰੇ ਆਮ ਨੂੰ ਸੁਣਵਾਈ ਦਾ ਮੌਕਾ ਦਿੰਦੇ ਹੋਏ ਸੂਚਿਤ ਕੀਤਾ ਜਾਦਾ ਹੈ ਕਿ ਉਕਤ ਖਸਰਿਆ ਵਿੱਚ ਹਿੱਸੇਦਾਰੀ ਸਬੰਧੀ ਰਿਕਾਰਡ ਮਾਲ ਅਨੁਸਾਰ ਸੋਧ ਕੀਤੇ ਜਾਣ ਸਬੰਧੀ ਜੇਕਰ ਕੋਈ ਇਤਰਾਜ ਜਿਤਾਉਣਾ ਹੈ ਤਾਂ ਇਸ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾ ਦੇ ਵਿੱਚ-ਵਿੱਚ ਲਿਖਤੀ ਇਤਰਾਜ ਅਸਲਾਤਨ ਜਾਂ ਵਕਾਲਤਨ ਨਿਮਨਹਸਤਾਖਰ ਦੇ ਦਫਤਰ ਵਿਖੇ ਪੇਸ਼ ਕੀਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਸੁਣਵਾਈ ਦਾ ਕੋਈ ਹੋਰ ਮੌਕਾ ਨਾ ਦਿੱਤੇ ਬਿਨਾ, ਇਸ ਦਫਤਰ ਵੱਲੋਂ ਇੱਕ ਤਰਫਾ ਕਰਵਾਈ ਕੀਤੀ ਜਾਵੇਗੀ।

25/08/2020

ਭੌਂ ਪ੍ਰਾਪਤੀ ਕੁਲੈਕਟਰ

Scanned with CamScanner